ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਸਮੂਹ ਸਕੂਲ ਮੁੱਖੀ,

ਮੀਮੋ ਨੰ:ਐਸਐਸਏ/ਐਮਸੀ/2009/76895-76915
ਮਿਤੀ:- 25.11.09 ਚੰਡੀਗੜ੍ਹ

ਵਿਸ਼ਾ:- ਪੰਜਾਬ ਰਾਜ ਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜਵੀਂ ਜਮਾਤ ਲਈ ਦਸੰਬਰ 2009 ਦੀ ਪ੍ਰੀਖਿਆ ਸਬੰਧੀ ਹਦਾਇਤਾਂ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਦਸੰਬਰ 2009 ਪ੍ਰੀਖਿਆ ਦੀ ਪੰਜਵੀਂ ਲਈ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੋਵੇਗੀ:-

| ਲੜੀ ਨੰ. | ਮਿਤੀ | ਦਿਨ | ਵਿਸ਼ਾ |
|---|---|---|---|
| 1 | 16.12.09 | ਬੁੱਧਵਾਰ | ਗਣਿਤ |
| 2 | 17.12.09 | ਵੀਰਵਾਰ | ਛੁੱਟੀ |
| 3 | 18.12.09 | ਸ਼ੁੱਕਰਵਾਰ | ਪੰਜਾਬੀ (ਪਹਿਲੀ ਭਾਸ਼ਾ)/ ਹਿੰਦੀ(ਪਹਿਲੀ ਭਾਸ਼ਾ) |
| 4 | 19.12.09 | ਸ਼ਨੀਵਾਰ | ਪੰਜਾਬੀ (ਦੂਜੀ ਭਾਸ਼ਾ)/ ਹਿੰਦੀ (ਦੂਜੀ ਭਾਸ਼ਾ) |
| 5 | 20.12.09 | ਐਤਵਾਰ | ਛੁੱਟੀ |
| 6 | 21.12.09 | ਸੋਮਵਾਰ | ਅੰਗਰੇਜ਼ੀ |
| 7 | 22.12.09 | ਮੰਗਲਵਾਰ | ਛੁੱਟੀ |
| 8 | 23.12.09 | ਬੁੱਧਵਾਰ | ਵਾਤਾਵਰਨ ਸਿੱਖਿਆ |
| | ਸਮਾਂ :- ਦੁਪਹਿਰ 12:00 ਤੋਂ ਦੁਪਹਿਰ 2:00 ਵਜੇ ਤੱਕ ਹੋਵੇਗਾ | | |

3.0 ਪੰਜਵੀਂ ਜਮਾਤ ਦੀ ਦਸੰਬਰ, 2009 ਦੀ ਪ੍ਰੀਖਿਆ ਲਈ ਗਣਿਤ, ਵਾਤਾਵਰਨ, ਅੰਗਰੇਜ਼ੀ,ਪੰਜਾਬੀ ਵਿਸ਼ਿਆ ਦੇ ਪੇਪਰ ਐਸ.ਐਸ.ਏ. ਅਥਾਰਟੀ ਵੱਲੋਂ ਭੇਜੇ ਜਾ ਰਹੇ ਹਨ।

4.0 ਹਿੰਦੀ (ਪਹਿਲੀ ਭਾਸ਼ਾ), ਹਿੰਦੀ (ਦੂਜੀ ਭਾਸ਼ਾ)/ਪੰਜਾਬੀ (ਦੂਜੀ ਭਾਸ਼ਾ) ਪੇਪਰ ਸਕੂਲ ਆਪਣੇ ਪੱਧਰ ਤੇ ਬਣਵਾਉਣਗੇ।

5.0 ਤੀਜੀ ਅਤੇ ਚੌਥੀ ਜਮਾਤ ਦੀ ਪੜ੍ਹੋ ਪੰਜਾਬ ਅਧੀਨ ਪਹਿਲਾ ਹੀ ਪ੍ਰੀ-ਟੈਸਟਿੰਗ ਮਿਤੀ 16/11/09 ਤੋਂ 30/11/09 ਤੱਕ ਚੱਲ ਰਹੀ ਹੈ ਜਿਸ ਕਰਕੇ ਇਨ੍ਹਾਂ ਜਮਾਤਾਂ ਦੇ ਦਸੰਬਰ,2009 ਦੇ ਪੇਪਰ ਲੈਣੇ ਨਹੀਂ ਬਣਦੇ।

6.0 ਪੇਪਰਾਂ ਵਿਚ ਛੁੱਟੀ ਹੋਣ ਦੇ ਬਾਵਜੂਦ ਪੜ੍ਹੋ ਪੰਜਾਬ ਦੋ ਘੰਟੇ ਸਵੇਰੇ ਪਹਿਲਾਂ ਵਾਂਗ ਹੀ ਚਲੇਗਾ ਅਤੇ ਸਕੂਲ ਪਹਿਲਾਂ ਵਾਂਗ ਲੱਗਦਾ ਰਹੇਗਾ ।

6.0 ਟੈਸਟ ਪੇਪਰ ਦੀ ਚੈਕਿੰਗ ਸਕੂਲ ਪੱਧਰ ਤੇ ਹੋਵੇਗੀ ਅਤੇ ਇਸਦਾ ਰਿਕਾਰਡ ਮਹੀਨਾਵਾਰ ਟੈਸਟ ਰਿਕਾਰਡ ਰਜਿਸਟਰ ਤੇ ਰੱਖਿਆ ਜਾਵੇਗਾ।

7.0 ਪੰਜਵੀਂ ਜਮਾਤ ਦਾ ਸਮੁੱਚਾ ਨਤੀਜਾ ਹਰ ਹਾਲ ਵਿੱਚ 02.01.2010 ਤੱਕ ਮੁਕੰਮਲ ਕਰਕੇ ਮਾਪੇ ਅਧਿਆਪਕ ਮਿਲਣੀ ਕੀਤੀ ਜਾਵੇ।

8.0 ਉਪਰੋਕਤ ਸਾਰੇ ਪ੍ਰਸ਼ਨ ਪੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਅਨੁਸਾਰ, ਪ੍ਰਸ਼ਨਾਂ ਦੀ ਗਿਣਤੀ ਅਤੇ ਅੰਕਾਂ ਦੀ ਵੰਡ ਅਨੁਸਾਰ ਭੇਜੇ ਜਾ ਰਹੇ ਹਨ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ. ਐਸਐਸਏ/ਐਮਸੀ/2009/76916 ਮਿਤੀ 25.11.09

ਉਪਰੋਕਤ ਦਾ ਇੱਕ ਉਤਾਰਾ ਡੀ.ਪੀ.ਆਈ (ਐ.ਸਿ.) ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ, ਚੰਡੀਗੜ੍ਹ